# ਜੰਗ ਦੇ ਮਾੜੇ ਪ੍ਰਭਾਵ ਬਾਰੇ ਜਾਗਰੂਕ ਕੀਤਾ

- **ਭਾਰਤੀ ਸਾਹਿਤ ਅਕੈਡਮੀ ਨੇ ਕਰਵਾਇਆ ਸਮਾਗਮ**
- **ਪਹਿਲਗਾਮ ਹਮਲੇ ਮਗਰੋਂ ਕਸ਼ਮੀਰ ਦੀ ਹਾਲਤ ਬਾਰੇ ਦਿੱਤੀ ਜਾਣਕਾਰੀ**



ਸਮਾਗਮ ਦੌਰਾਨ ਕਵਿਤਰੀਆਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ।-ਫੋਟੋ: ਦਿਓਲ

**ਪੱਤਰ ਪ੍ਰੇਰਕ**
**ਨਵੀਂ ਦਿੱਲੀ, 9 ਜੁਲਾਈ**

ਭਾਰਤੀ ਸਾਹਿਤ ਅਕੈਡਮੀ, ਮੰਡੀ ਹਾਊਸ ਵੱਲੋਂ ਕਾਨਫਰੰਸ ਹਾਲ ਵਿੱਚ 'ਅਸਮਿਤਾ' ਪ੍ਰੋਗਰਾਮ ਕਰਵਾਇਆ ਗਿਆ। ਇਸ ਵਿੱਚ ਪੰਜਾਬੀ ਲੇਖਕਾਵਾਂ ਡਾ. ਵਨੀਤਾ, ਪ੍ਰੋ. ਪਰਮਜੀਤ ਕੌਰ, ਤਰਿੰਦਰ ਕੌਰ ਅਤੇ ਜਸਵਿੰਦਰ ਕੌਰ ਬਿੰਦਰਾ ਨੇ ਜੰਗ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਸਮਾਗਮ ਦੀ ਪ੍ਰਧਾਨਗੀ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਦੀ ਚੇਅਰਪਰਸਨ ਡਾ. ਰੇਣੂਕਾ ਸਿੰਘ ਨੇ ਕੀਤੀ। ਡਾ. ਵਨੀਤਾ ਨੇ 20ਵੀਂ ਸਦੀ ਤੋਂ ਪਹਿਲਾਂ ਤੇ ਬਾਅਦ ਦੇ ਹਾਲਤਾਂ ਅਤੇ ਕੌਮਾਂਤਰੀ ਤਾਕਤਾਂ ਦੇ ਭੇੜ ਵਿੱਚ ਰਗੜੇ ਜਾਂਦੇ ਆਮ ਲੋਕਾਂ ਦਾ ਜ਼ਿਕਰ ਕਰਦੇ ਹੋਏ ਅੰਮ੍ਰਿਤਾ ਪ੍ਰੀਤਮ ਦੀ 'ਆਖਾਂ ਵਾਰਿਸ ਸ਼ਾਹ...' ਦੇ ਹਵਾਲੇ ਨਾਲ ਜੰਗ ਦੇ ਘਾਤਕ ਸਿੱਟਿਆਂ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਦੋ ਸਾਲ ਤੋਂ ਰੂਸ ਅਤੇ ਯੂਕਰੇਨ ਦੀ ਜੰਗ ਦੇ ਮਾਰੂ ਅਸਰ ਤੋਂ ਔਰਤ ਵੀ ਅਣਭਿੱਜ ਨਹੀਂ।

ਇਸ ਮੌਕੇ ਡਾ. ਰਵੇਲ ਸਿੰਘ ਨੇ ਸਮਾਗਮ ਕਰਵਾਉਣ ਦੇ ਮਨੋਰਥ ਜੰਗ ਪ੍ਰਤੀ ਪੰਜਾਬੀ ਲੇਖਕਾਵਾਂ ਦੀ ਸੋਚ ਬਾਰੇ ਦੱਸਿਆ। ਪ੍ਰੋ. ਪਰਮਜੀਤ ਕੌਰ, ਜਸਵਿੰਦਰ ਕੌਰ ਬਿੰਦਰਾ ਤੇ ਤਰਿੰਦਰ ਕੌਰ ਨੇ ਜੰਗਾਂ ਪਿੱਛੇ ਸਮਾਜਿਕ, ਆਰਥਿਕ ਤਾਣੇ-ਬਾਣੇ ਦੇ ਤਹਿਤ-ਨਹਿਸ਼ ਹੋਣ ਨੂੰ ਭਿਆਨਕ ਕਰਾਰ ਦਿੱਤਾ। 1947 ਦੀ ਵੰਡ ਦੇ ਦਰਦਾਂ ਤੋਂ ਲੈ ਕੇ ਮਨੀਪੁਰ ਦੇ ਦੰਗਿਆਂ ਦੇ ਮੰਜ਼ਰ ਬਿਆਨੇ ਗਏ।

ਮਨੁੱਖਤਾ ਦੇ ਨਫ਼ਰਤ ਨਾਲੋਂ ਸਮਾਜ ਸੇਵਾ ਲਈ ਕੀਤੇ ਸੁਹਿਰਦ ਯਤਨਾਂ ਦੀ ਲੋੜ 'ਤੇ ਜ਼ੋਰ ਦਿੱਤਾ। ਡਾ. ਰੇਣੂਕਾ ਸਿੰਘ ਨੇ ਪਹਿਲਗਾਮ ਹਮਲੇ ਮਗਰੋਂ ਕਸ਼ਮੀਰ ਦੇ ਹਾਲਾਤ ਬਾਰੇ ਕਿਹਾ ਕਿ ਔਰਤਾਂ, ਬੱਚੇ, ਬਜ਼ੁਰਗ ਅਜੇ ਵੀ ਸਦਮੇ ਤੋਂ ਬਾਹਰ ਨਹੀਂ ਨਿਕਲੇ ਹਨ, ਵਪਾਰ ਖ਼ਤਮ ਹੋ ਗਿਆ ਹੈ। ਇਸ ਮੌਕੇ ਕੇਸਰਾ ਰਾਮ, ਸੰਦੀਪ ਕੌਰ, ਚਰਨਜੀਤ ਰਾਹੀ, ਸੁਰਿੰਦਰ ਸਿੰਘ ਓਬਰਾਏ ਅਤੇ ਹੋਰ ਵੀ ਹਾਜ਼ਰ ਸਨ।